# ਹਰ ਕਿਸੇ ਲਈ ਸਿਹਤ ਬੀਮੇ ਤੱਕ ਪਹੁੰਚ ਦਾ ਵਿਸਥਾਰ ਕਰਨਾ

## (ਅਪਰ੍ਵਾਸੀਆਂ ਸਮੇਤ ਜੋ ਬਿਨਾ-ਦਸਤਾਵੇਜ਼ ਵਾਲੇ ਹਨ!)

ਇਸ ਨਵੰਬਰ ਤੋਂ, ਹਰ ਵਿਅਕਤੀ ਜੋ ਵਾਸ਼ਿੰਗਟਨ ਸਟੇਟ ਵਿੱਚ ਰਹਿੰਦਾ ਹੈ, ਉਸਦੀ ਇਮੀਗਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਗੈਰ, *Washington Healthplanfinder* ਦੇ ਰਾਹੀਂ ਉਸਨੂੰ ਸਿਹਤ ਅਤੇ ਦੰਦਾਂ ਦਾ ਬੀਮਾ ਖਰੀਦਣ ਦਾ ਮੌਕਾ ਮਿਲੇਗਾ।

1 ਜਨਵਰੀ, 2024 ਤੋਂ ਸ਼ੁਰੂ ਹੋਣ ਵਾਲੇ ਸਿਹਤ ਬੀਮੇ ਲਈ 15 ਦਸੰਬਰ ਤੱਕ ਸਾਈਨ ਅੱਪ ਕਰੋ।

washington healthplanfinder
click. compare. covered.

## ਮੁੱਖ ਸ਼ਰਤਾਂ

**ਪਰ੍ਹੀਮੀਅਮ:** ਹਰੇਕ ਮੈਂਬਰ ਮਹੀਨਾਵਾਰ ਫੀਸ ਦਾ ਭੁਗਤਾਨ ਕਰਦਾ ਹੈ ਜਿਸ ਨੂੰ ਪਰ੍ਹੀਮੀਅਮ ਕਿਹਾ ਜਾਂਦਾ ਹੈ। ਤੁਹਾਡੇ ਪਰ੍ਹੀਮੀਅਮ ਦਾ ਮੁੱਲ ਤੁਹਾਡੀ ਸਿਹਤ ਬੀਮਾ ਯੋਜਨਾ 'ਤੇ ਨਿਰਭਰ ਕਰਦਾ ਹੈ।

**ਟੈਕਸ-ਛੋਟ:** ਤੁਹਾਡੇ ਦੁਆਰਾ ਤੁਹਾਡੀ "ਟੈਕਸ-ਛੋਟ ਰਕਮ ਨੂੰ ਪੂਰਾ ਕਰਨ" ਤੋਂ ਬਾਅਦ ਤੁਹਾਡਾ ਸਿਹਤ ਬੀਮਾ ਤੁਹਾਡੇ ਬਿਲਾਂ ਦਾ ਭੁਗਤਾਨ ਕਰਨ ਵਿੱਚ ਮਦਦ ਕਰਨਾ ਸ਼ੁਰੂ ਕਰ ਦਿੰਦਾ ਹੈ। ਤੁਹਾਡੀਆਂ ਟੈਕਸ-ਛੋਟਾਂ ਨੂੰ ਪੂਰਾ ਕਰਨ ਤੋਂ ਪਹਿਲਾਂ ਸਾਰੀਆਂ ਯੋਜਨਾਵਾਂ ਰੋਕਥਾਮ ਦੇਖਭਾਲ ਵਾਸਤੇ ਭੁਗਤਾਨ ਕਰਦੀਆਂ ਹਨ। Cascade Care ਯੋਜਨਾਵਾਂ ਤੁਹਾਡੀ ਟੈਕਸ-ਛੋਟ ਨੂੰ ਪੂਰਾ ਕਰਨ ਤੋਂ ਪਹਿਲਾਂ ਹੋਰ ਸੇਵਾਵਾਂ ਲਈ ਭੁਗਤਾਨ ਕਰਦੀਆਂ ਹਨ। ਇਹਨਾਂ ਸੇਵਾਵਾਂ ਵਿੱਚ ਸ਼ਾਮਲ ਹਨ:

- ਰੋਕਥਾਮ ਦੇਖਭਾਲ
- ਬਿਮਾਰੀ ਜਾਂ ਸੱਟ ਦੇ ਇਲਾਜ ਲਈ ਮੁਢਲੀ ਦੇਖਭਾਲ ਦੇ ਡਾਕਟਰ ਕੋਲ ਜਾਣਾ
- ਮਾਨਸਿਕ ਸਿਹਤ ਸੇਵਾਵਾਂ
- ਆਮ ਨੁਸਖ਼ੇ
- ਤੁਰੰਤ ਦੇਖਭਾਲ, ਜਦੋਂ ਤੁਹਾਨੂੰ ਤੁਰੰਤ ਦੇਖਭਾਲ ਦੀ ਲੋੜ ਹੁੰਦੀ ਹੈ ਪਰ ਤੁਹਾਡੇ ਕੋਲ ਕੋਈ ਇਲਾਜ ਨਹੀਂ ਹੁੰਦਾ ਜਿਵੇਂ ਕਿ ਦਿਲ ਦੇ ਦੌਰੇ ਜਿਹੀ ਐਮਰਜੈਂਸੀ।

**ਸਹਿ-ਭੁਗਤਾਨ ਅਤੇ ਸਹਿ-ਬੀਮਾ:** ਇਹ ਉਹ ਲਾਗਤ ਹਨ ਜਿਸਦਾ ਤੁਸੀਂ ਡਾਕਟਰ ਦੇ ਕੋਲ ਜਾਂਦੇ ਸਮੇਂ ਭੁਗਤਾਨ ਕਰਦੇ ਹੋ। ਤੁਹਾਡਾ ਸਹਿ-ਭੁਗਤਾਨ ਇੱਕ ਨਿਸ਼ਚਿਤ ਰਕਮ ($1-$50) ਹੈ। ਤੁਹਾਡਾ ਸਹਿ-ਬੀਮਾ, ਸੇਵਾ ਦੀ ਲਾਗਤ ਦਾ ਪਰ੍ਤੀਸ਼ਤ ਹੈ। ਤੁਹਾਡੀ ਸਿਹਤ ਬੀਮਾ ਯੋਜਨਾ ਤੁਹਾਡੀ ਬਾਕੀ ਮੁਲਾਕਾਤ ਦਾ ਭੁਗਤਾਨ ਕਰਦੀ ਹੈ।

## ਯੋਗਤਾ, ਇਮੀਗਰੇਸ਼ਨ ਸਥਿਤੀ, ਅਤੇ ਸੁਰੱਖਿਆ

### ਕੌਣ ਯੋਗ ਹੈ?

ਜੇਕਰ ਤੁਸੀਂ ਵਾਸ਼ਿੰਗਟਨ ਸਟੇਟ ਵਿੱਚ ਰਹਿੰਦੇ ਹੋ, ਤਾਂ ਤੁਸੀਂ *Washington Healthplanfinder* ਦੇ ਰਾਹੀਂ ਸਿਹਤ ਬੀਮਾ ਖਰੀਦ ਸਕਦੇ ਹੋ, ਭਾਵੇਂ ਤੁਸੀਂ ਬਿਨਾ-ਦਸਤਾਵੇਜ਼ ਵਾਲੇ ਅਪਰ੍ਵਾਸੀ ਹੋ। ਤੁਹਾਨੂੰ ਅਮਰੀਕੀ ਨਾਗਰਿਕਤਾ, ਗਰ੍ਹੀਨ ਕਾਰਡ, ਜਾਂ ਹੋਰ ਕਿਸੀ ਇਮੀਗਰੇਸ਼ਨ ਕਾਗਜ਼ਾਤਾਂ ਦੀ ਲੋੜ ਨਹੀਂ ਹੁੰਦੀ ਹੈ।

### ਕੀ ਸਿਹਤ ਬੀਮਾ ਲੈਣ ਦੇ ਨਾਲ ਮੇਰੀ ਇਮੀਗਰੇਸ਼ਨ ਸਥਿਤੀ ਜਾਂ ਨਾਗਰਿਕਤਾ ਦੀ ਅਪਲਿਕੇਸ਼ਨ 'ਤੇ ਅਸਰ ਪੈਂਦਾ ਹੈ?

ਸਿਹਤ ਬੀਮਾ ਪਰ੍ਾਪਤ ਕਰਨਾ ਤੁਹਾਡੇ, ਤੁਹਾਡੇ ਪਰਿਵਾਰ, ਜਾਂ ਤੁਹਾਡੇ ਨਾਲ ਰਹਿਣ ਵਾਲੇ ਕਿਸੇ ਵੀ ਵਿਅਕਤੀ ਦੀ ਇਮੀਗਰੇਸ਼ਨ ਸਥਿਤੀ ਜਾਂ ਨਾਗਰਿਕਤਾ ਸਬੰਧੀ ਅਪਲਿਕੇਸ਼ਨਾਂ 'ਤੇ ਅਸਰ ਨਹੀਂ ਪਾਉਂਦਾ ਹੈ।

### ਕੀ ਸਿਹਤ ਬੀਮਾ ਕਰਵਾਉਣਾ ਮੇਰੇ ਲਈ ਇੱਕ "ਪਬਲਿਕ ਚਾਰਜ" ਬਣ ਜਾਵੇਗਾ?

ਸਿਹਤ ਬੀਮੇ ਵਾਸਤੇ ਅਪਲਾਈ ਕਰਨਾ ਜਾਂ ਉਸਨੂੰ ਪਰ੍ਾਪਤ ਕਰਨਾ, ਅਤੇ ਬੀਮੇ ਲਈ ਭੁਗਤਾਨ ਕਰਨ ਵਾਸਤੇ ਵਿੱਤੀ ਸਹਾਇਤਾ ਪਰ੍ਾਪਤ ਕਰਨਾ, ਕਿਸੇ ਨੂੰ ਵੀ "ਪਬਲਿਕ ਚਾਰਜ" ਨਹੀਂ ਬਣਾਉਂਦਾ ਹੈ। ਇਸਦਾ ਮਤਲਬ ਹੈ ਕਿ ਇਹ ਤੁਹਾਡੇ, ਤੁਹਾਡੇ ਪਰਿਵਾਰ, ਜਾਂ ਤੁਹਾਡੇ ਨਾਲ ਰਹਿਣ ਵਾਲੇ ਕਿਸੇ ਵੀ ਵਿਅਕਤੀ ਦੀ ਇਮੀਗਰੇਸ਼ਨ ਸਥਿਤੀ ਜਾਂ ਨਾਗਰਿਕਤਾ ਸਬੰਧੀ ਅਪਲਿਕੇਸ਼ਨਾਂ 'ਤੇ ਅਸਰ ਨਹੀਂ ਪਾਵੇਗਾ।

### ਮੈਂ ਬਿਨਾ-ਦਸਤਾਵੇਜ਼ ਵਾਲਾ ਹਾਂ। ਕੀ ਮੇਰੀ ਜਾਣਕਾਰੀ ਸੁਰੱਖਿਅਤ ਹੈ?

ਤੁਹਾਡੀ ਸੁਰੱਖਿਆ ਸਾਡੇ ਲਈ ਮਹੱਤਵਪੂਰਨ ਹੈ। ਤੁਹਾਡੀ ਜਾਣਕਾਰੀ ਦੀ ਵਰਤੋਂ ਇਮੀਗਰੇਸ਼ਨ ਨੂੰ ਲਾਗੂ ਕਰਨ ਵਾਸਤੇ ਨਹੀਂ ਕੀਤੀ ਜਾਵੇਗੀ।

ਫੈਡਰਲ ਅਤੇ ਸਟੇਟ ਦੇ ਕਾਨੂੰਨ ਉਹਨਾਂ ਲੋਕਾਂ ਦੀ ਗੋਪਨੀਯਤਾ ਦੀ ਰੱਖਿਆ ਕਰਦੇ ਹਨ ਜੋ *Washington Healthplanfinder* ਦੇ ਰਾਹੀਂ ਸਿਹਤ ਬੀਮਾ ਵਾਸਤੇ ਅਪਲਾਈ ਕਰਦੇ ਹਨ। ਇਮੀਗਰੇਸ਼ਨ ਸਥਿਤੀ ਬਾਰੇ ਜਾਣਕਾਰੀ ਦੀ ਵਰਤੋਂ ਸਿਰਫ਼ ਕਵਰੇਜ ਲਈ ਯੋਗਤਾ ਨਿਰਧਾਰਤ ਕਰਨ ਵਾਸਤੇ ਕੀਤੀ ਜਾਵੇਗੀ ਅਤੇ ਇਮੀਗਰੇਸ਼ਨ ਲਾਗੂ ਕਰਨ ਵਾਸਤੇ ਨਹੀਂ ਕੀਤੀ ਜਾਵੇਗੀ।

# ਅਕਸਰ ਪੁੱਛੇ ਜਾਣ ਵਾਲੇ ਸੁਆਲ

## ਐਨਰੋਲਮੈਂਟ (ਰਜਿਸਟਰੇਸ਼ਨ)

### "ਐਨਰੋਲਮੈਂਟ" ਕੀ ਹੈ?

ਤੁਸੀਂ *Washington Healthplanfinder* ਰਾਹੀਂ ਇੱਕ ਸਿਹਤ ਪਲਾਨ ਦੀ ਚੋਣ ਕਰਕੇ ਸਿਹਤ ਬੀਮੇ ਲਈ ਰਜਿਸਟਰ ਹੁੰਦੇ ਹੋ, ਫਿਰ ਆਪਣੇ ਸਿਹਤ ਪਲਨ ਲਈ ਭੁਗਤਾਨ ਕਰਦੇ ਹੋ।

### ਮੈਂ ਕਦੋਂ ਰਜਿਸਟਰ ਕਰ ਸਕਦਾ/ਸਕਦੀ ਹਾਂ? "ਖੁੱਲ੍ਹੀ ਰਜਿਸਟਰੇਸ਼ਨ" ਕੀ ਹੈ?

**1 ਨਵੰਬਰ ਅਤੇ 15 ਜਨਵਰੀ** ਵਿਚਕਾਰ ਕੋਈ ਵੀ ਸ਼ਖ਼ਸ Washington Healthplanfinder 'ਤੇ ਸਿਹਤ ਬੀਮੇ ਲਈ ਸਾਈਨ ਅਪ ਕਰ ਸਕਦਾ/ਸਕਦੀ ਹੈ। ਇਸ ਮਿਆਦ ਨੂੰ **ਖੁੱਲ੍ਹੀ ਰਜਿਸਟਰੇਸ਼ਨ** ਕਿਹਾ ਜਾਂਦਾ ਹੈ। ਖੁੱਲ੍ਹੀ ਰਜਿਸਟਰੇਸ਼ਨ ਹਰ ਸਾਲ ਹੁੰਦੀ ਹੈ।

### ਕੀ ਹੁੰਦਾ ਹੈ, ਜੇ ਮੈਂ ਖੁੱਲ੍ਹੀ ਰਜਿਸਟਰੇਸ਼ਨ ਨਹੀ ਕਰਾ ਸਕਦਾ/ਸਕਦੀ? "ਖ਼ਾਸ ਰਜਿਸਟਰੇਸ਼ਨ" ਕੀ ਹੈ?

ਕੁਝ ਲੋਕ ਕਿਸੇ ਹੋਰ ਸਮੇਂ ਵੀ ਸਾਈਨ ਅਪ ਕਰ ਸਕਦੇ ਹਨ। ਇਸ ਨੂੰ **ਖ਼ਾਸ ਰਜਿਸਟਰੇਸ਼ਨ** ਕਿਹਾ ਜਾਂਦਾ ਹੈ।

ਜੇ ਤੁਹਾਡੀ ਜ਼ਿੰਦਗੀ ਵਿੱਚ ਤਬਦੀਲੀ (ਨੌਕਰੀ ਜਾਣੀ, ਵਿਆਹੁਤਾ ਸਥਿਤੀ ਵਿੱਚ ਤਬਦੀਲੀ, ਬੱਚੇ ਦੀ ਪੈਦਾਇਸ਼, ਆਦਿ) ਆਉਂਦੀ ਹੈ ਜਾਂ ਤੁਹਾਡੀ ਆਮਦਨ ਘੱਟ ਹੈ, ਤਾਂ ਵੀ ਤੁਸੀਂ ਖੁੱਲ੍ਹੀ ਰਜਿਸਟਰੇਸ਼ਨ ਤੋਂ ਬਾਹਰ ਰਜਿਸਟਰ ਕਰ ਸਕਦੇ ਹੋ।

### ਰਜਿਸਟਰ ਕਰਨ ਲਈ ਮੈਨੂੰ ਕਿਹੜੀ ਚੀਜ਼ ਚਾਹੀਦੀ ਹੈ?

ਤੁਹਾਡੀ ਰਜਿਸਟਰੇਸ਼ਨ ਦਾ ਫ਼ੈਸਲਾ ਕਰਨ ਲਈ *Washington Healthplanfinder* ਤੁਹਾਡੇ ਜਾਂ ਤੁਹਾਡੇ ਪਰਿਵਾਰ ਬਾਰੇ ਜਾਣਕਾਰੀ ਪੁੱਛ ਸਕਦਾ ਹੈ।

### ਇਸ ਵਿੱਚ ਕਿੰਨਾ ਸਮਾਂ ਲੱਗੇਗਾ?

ਅਰਜ਼ੀ ਵਿੱਚ ਲਗਭਗ 1 ਘੰਟਾ ਲੱਗ ਸਕਦਾ ਹੈ।

### ਰਜਿਸਟਰੇਸ਼ਨ ਲਈ ਮੈਨੂੰ ਕਿੱਥੋਂ ਮਦਦ ਮਿਲ ਸਕਦੀ ਹੈ? ਕੀ ਹੋਰਨਾਂ ਭਾਸ਼ਾਵਾਂ ਵਿੱਚ ਵੀ ਮਦਦ ਮਿਲਦੀ ਹੈ?

ਸਾਰੀ ਰਜਿਸਟਰੇਸ਼ਨ ਸਹਾਇਤਾ **ਮੁਫ਼ਤ*** ਹੈ। ਮਦਦ ਲੈਣ ਦੇ ਤਿੰਨ ਤਰੀਕੇ ਇੱਥੇ ਦਿੱਤੇ ਗਏ ਹਨ:

**ਕਾੱਲ ਕਰੋ**

1-855-923-4633 ਪਰ

TTY/TDD: 1-855-627-9604

*ਇਹ ਮਦਦ 200 ਤੋਂ ਵੱਧ ਭਾਸ਼ਾਵਾਂ ਵਿੱਚ ਮਿਲਦੀ ਹੈ।*

**ਸੰਪਰਕ ਕਰਨਾ**

ਆਪਣੇ ਭਾਈਚਾਰੇ ਵਿਚਲੇ ਸਿਹਤ ਨੈਵੀਗੇਟਰ, ਬਰੋਕਰ ਜਾਂ ਭਰੋਸੇਮੰਦ ਸਰੋਤ ਨਾਲ ਮੁਲਾਕਾਤ ਕਰੋ।

**ਵਿਜ਼ਿਟ ਕਰੋ**

www.wahealthplanfinder.org

*ਜਾਂ ਆਪਣੇ ਕੈਮਰੇ ਨਾਲ QR ਕੋਡ ਸਕੈਨ ਕਰੋ*

ਆਪਣੇ ਇਲਾਕੇ ਵਿਚਲੇ ਪਲਾਨਾਂ ਬਾਰੇ ਸੰਖੇਪ ਜਾਣਕਾਰੀ ਲਈ wahealthplanfinder.org 'ਤੇ ਜਾਓ। "ਬਰਾਊਜ਼ ਕਰੋ ਅਤੇ ਪਲਾਨਾਂ ਦੀ ਤੁਲਨਾ ਕਰਨ ਵਾਲੇ" ਟੂਲ ਦੀ ਵਰਤੋਂ ਕਰੋ।

*ਜੇ ਤੁਹਾਨੂੰ ਇਹ ਨਹੀ ਪਤਾ ਕਿ ਕੋਈ ਤੁਹਾਡੀ ਮਦਦ ਕਰਨ ਲਈ ਪਰਮਾਣਿਤ ਹੈ ਜਾਂ ਕਿ ਉਹ ਆਪਣੀ ਸੇਵਾ ਦੇਣ ਬਦਲੇ ਭੁਗਤਾਨ ਕਰਨ ਲਈ ਕਹਿ ਰਹੇ ਹਨ, ਤਾਂ **1-855-WAFINDER** 'ਤੇ *Washington Healthplanfinder* ਗਾਹਕ ਸਹਾਇਤਾ ਸੈਂਟਰ ਨੂੰ ਕਾੱਲ ਕਰੋ।



# ਅਕਸਰ ਪੁੱਛੇ ਜਾਣ ਵਾਲੇ ਸੁਆਲ

## ਸਿਹਤ ਬੀਮੇ ਦੀ ਲਾਗਤ

### ਸਿਹਤ ਬੀਮੇ ਦੀ ਲਾਗਤ ਕਿੰਨੀ ਹੈ?

ਸਿਹਤ ਬੀਮਾ ਖ਼ਰੀਦਣ ਦੀ ਲਾਗਤ ਤੁਹਾਡੀ ਆਮਦਨ, ਪਰਿਵਾਰ ਦੇ ਮੈਂਬਰਾਂ ਅਤੇ ਜਿੱਥੇ ਤੁਸੀਂ ਰਹਿੰਦੇ ਹੋ, ਵਰਗੀਆਂ ਗੱਲਾਂ 'ਤੇ ਨਿਰਭਰ ਕਰਦੀ ਹੈ।

wahealthplanfinder.org 'ਤੇ ਬਰਾਉਜ਼ ਕਰੋ ਅਤੇ ਪਲਾਨਾਂ ਦੀ ਤੁਲਨਾ ਕਰੋ ਜਾਂ ਸਿਹਤ ਬੀਮੇ ਦੀ ਲਾਗਤ ਕਿੰਨੀ ਹੈ, ਬਾਰੇ ਜਾਣਨ ਲਈ ਆਪਣੇ ਭਾਈਚਾਰੇ ਵਿਚਲੇ ਭਰੋਸੇਮੰਦ ਸਰੋਤ ਨਾਲ ਕੰਮ ਕਰੋ।

### ਇਹਨਾਂ ਸ਼ਬਦਾਂ ਦਾ ਕੀ ਮਤਲਬ ਹੈ: ਪਰੀਮੀਅਮ, ਕਟੌਤੀ, ਸਹਿ-ਬੀਮਾ ਅਤੇ ਸਹਿ-ਭੁਗਤਾਨ?

**ਪਰੀਮੀਅਮ:** ਹਰੇਕ ਮੈਂਬਰ ਵਲੋਂ ਕੀਤੇ ਜਾਂਦੇ ਮਹੀਨੇਵਾਰ ਫ਼ੀਸ ਦੇ ਭੁਗਤਾਨ ਨੂੰ ਪਰੀਮੀਅਮ ਕਿਹਾ ਜਾਂਦਾ ਹੈ। ਤੁਹਾਡੇ ਪਰੀਮੀਅਮ ਦਾ ਮੁੱਲ ਤੁਹਾਡੀ ਸਿਹਤ ਬੀਮਾ ਯੋਜਨਾ 'ਤੇ ਨਿਰਭਰ ਕਰਦਾ ਹੈ।

**ਕਟੌਤੀ:** ਤੁਹਾਡੇ ਵਲੋਂ ਤੁਹਾਡੀ "ਟੈਕਸ-ਛੋਟ ਦੀ ਰਕਮ ਪੂਰੀ ਕਰਨ" ਤੋਂ ਬਾਅਦ ਤੁਹਾਡਾ ਸਿਹਤ ਬੀਮਾ ਤੁਹਾਡੇ ਬਿਲਾਂ ਦਾ ਭੁਗਤਾਨ ਕਰਨ ਵਿੱਚ ਮਦਦ ਕਰਨੀ ਸ਼ੁਰੂ ਕਰ ਦਿੰਦਾ ਹੈ। ਤੁਹਾਡੀ ਟੈਕਸ-ਛੋਟ ਪੂਰੀ ਕਰਨ ਤੋਂ ਪਹਿਲਾਂ ਸਾਰੇ ਪਲਾਨ ਕੁਝ ਚੀਜ਼ਾਂ, ਜਿਵੇਂ ਸਿਹਤ ਜਾਂਚਾਂ ਵਾਸਤੇ ਭੁਗਤਾਨ ਕਰਦੇ ਹਨ।

**ਸਹਿ-ਭੁਗਤਾਨ ਅਤੇ ਸਹਿ-ਬੀਮਾ:** ਇਹ ਉਹ ਲਾਗਤਾਂ ਹਨ, ਜਿਸਦਾ ਤੁਸੀਂ ਡਾਕਟਰ ਕੋਲ ਜਾਣ ਵੇਲੇ ਭੁਗਤਾਨ ਕਰਦੇ ਹੋ। ਤੁਹਾਡਾ ਸਹਿ-ਭੁਗਤਾਨ ਇੱਕ ਨਿਸ਼ਚਿਤ ਰਕਮ ($1-$50) ਹੈ। ਤੁਹਾਡਾ ਸਹਿ-ਬੀਮਾ, ਸੇਵਾ ਦੀ ਲਾਗਤ ਦੀ ਫ਼ੀਸਦ ਹੈ। ਬਾਕੀ ਰਹਿੰਦੀ ਵਿਜ਼ਿਟ ਲਈ ਤੁਹਾਡੇ ਸਿਹਤ ਬੀਮੇ ਦਾ ਪਲਾਨ ਭੁਗਤਾਨ ਕਰਦਾ ਹੈ।

### "ਵਿੱਤੋਂ ਬਾਹਰੀ" ਲਾਗਤਾਂ ਕਿਹੜੀਆਂ ਹਨ?

ਵਿੱਤੋਂ ਬਾਹਰੀ ਲਾਗਤਾਂ (ਕਟੌਤੀਆਂ, ਸਹਿ-ਭੁਗਤਾਨ ਅਤੇ ਸਹਿ-ਬੀਮਾ) ਉਸ ਰਕਮ ਨੂੰ ਕਿਹਾ ਜਾਂਦਾ ਹੈ, ਜਿਸਦਾ ਭੁਗਤਾਨ ਤੁਸੀਂ ਆਪਣੇ ਕੋਲੋਂ ਡਾਕਟਰ ਨੂੰ ਕਰਦੇ ਹੋ।

## ਪਲਾਨ ਦੀ ਚੋਣ ਕਰਨਾ

### ਸਿਹਤ ਬੀਮੇ ਦੇ ਕਿਹੜੇ ਪਲਾਨ ਉਪਲਬਧ ਹਨ?

*Washington Healthplanfinder*ਰਾਹੀਂ ਸਿਹਤ ਬੀਮੇ ਦੇ ਤਿੰਨ ਪੱਧਰਾਂ ਦੇ ਪਲਾਨ ਉਪਲਬਧ ਹਨ: ਬਰੌਂਜ਼, ਸਿਲਵਰ ਅਤੇ ਗੋਲਡ।

ਤੁਹਾਡੀ ਸਿਹਤ ਬੀਮਾ ਕੰਪਨੀ, ਜਿਸ ਰਕਮ ਦਾ ਭੁਗਤਾਨ ਕਰਦੀ ਹੈ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਹੜਾ ਪੱਧਰ ਚੁਣਦੇ ਹੋ। ਔਸਤਨ ਬਰੌਂਜ਼ ਪਲਾਨ ਤੁਹਾਡੇ ਮੈਡੀਕਲ ਬਿੱਲਾਂ ਦਾ ਲਗਭਗ 60% ਭੁਗਤਾਨ ਕਰਦਾ ਹੈ, ਸਿਲਵਰ ਪਲਾਨ ਲਗਭਗ 70% ਭੁਗਤਾਨ ਕਰਦਾ ਹੈ ਅਤੇ ਗੋਲਡ ਲਗਭਗ 80% ਭੁਗਤਾਨ ਕਰਦਾ ਹੈ।

**ਬਰੌਂਜ਼:** ਇਹਨਾਂ ਪਲਾਨਾਂ ਦੀ ਲਾਗਤ ਫ਼ੀ ਮਹੀਨਾ ਘੱਟ ਹੈ, ਪਰ ਜਦੋਂ ਤੁਹਾਨੂੰ ਦੇਖਭਾਲ ਦੀ ਲੋੜ ਪੈਂਦੀ ਹੈ, ਤਾਂ ਘੱਟ ਲਾਗਤ ਦਾ ਭੁਗਤਾਨ ਕਰਦੇ ਹਨ।

**ਸਿਲਵਰ:** ਤੁਹਾਨੂੰ ਦੇਖਭਾਲ ਦੀ ਲੋੜ ਪੈਣ ਵੇਲੇ ਇਹ ਪਲਾਨ ਤੁਹਾਡੀਆਂ ਹੋਰ ਲਾਗਤਾਂ ਨੂੰ ਕਵਰ ਕਰਦੇ ਹਨ, ਪਰ ਲਾਗਤ ਵੱਧ ਹੋ ਸਕਦੀ ਹੈ। ਜੇ ਤੁਸੀਂ Cascade Care ਲਈ ਯੋਗ ਹੋ, ਤਾਂ ਬਰੌਂਜ਼ ਪਲਾਨਾਂ ਨਾਲੋਂ ਘੱਟ ਲਾਗਤ ਕਰਕੇ ਇਹਨਾਂ ਪਲਾਨਾਂ ਨਾਲ ਬਚਤ ਹੋ ਸਕਦੀ ਹੈ।

**ਗੋਲਡ:** ਇਹਨਾਂ ਪਲਾਨਾਂ ਦੀ ਫ਼ੀ ਮਹੀਨਾ ਲਾਗਤ ਵੱਧ ਹੁੰਦੀ ਹੈ, ਪਰ ਜਦੋਂ ਤੁਹਾਨੂੰ ਦੇਖਭਾਲ ਦੀ ਲੋੜ ਪੈਂਦੀ ਹੈ, ਤਾਂ ਵੱਧ ਲਾਗਤ ਦਾ ਭੁਗਤਾਨ ਕਰਦੇ ਹਨ। ਜੇ ਤੁਸੀਂ Cascade Care ਲਈ ਯੋਗ ਹੋ, ਤਾਂ ਇਹਨਾਂ ਨਾਲ ਬਚਤਾਂ ਅਤੇ ਅਹਿਮ ਸਿਹਤ ਸੰਭਾਲ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ, ਇਸ ਕਰਕੇ ਇਹ ਪਲਾਨ ਚੰਗੀ ਤਰ੍ਹਾਂ ਢੁਕਵੇਂ ਹੋ ਸਕਦੇ ਹਨ।

### ਜੇ ਮੈਂ ਸਿਲਵਰ ਜਾਂ ਗੋਲਡ ਪਲਾਨ ਚੁਣਦਾ/ਚੁਣਦੀ ਹਾਂ, ਤਾਂ ਕੀ ਮੈਨੂੰ ਚੰਗੇ ਡਾੱਕਟਰ ਮਿਲਦੇ ਹਨ?

ਨਹੀਂ। ਦੇਖਭਾਲ ਦੀ ਕੁਆਲਿਟੀ ਸਾਰੇ ਪਲਾਨਾਂ ਵਰਗੀ ਹੀ ਹੈ।

washington healthplanfinder
click. compare. covered.

**Cascade Care ਦਾ ਲੋਗੋ ਵੇਖੋ।**
Cascade Care ਪਲਾਨ ਘੱਟ ਲਾਗਤ 'ਤੇ ਵਧੇਰੇ ਮੁੱਲ ਦੀ ਪੇਸ਼ਕਸ਼ ਕਰਦੇ ਹਨ। ਇਸਦਾ ਮਤਲਬ ਹੈ ਕਿ ਤੁਹਾਡੇ ਪਰੀਮੀਅਮ ਨਾਲ ਤੁਹਾਨੂੰ ਪਹਿਲਾਂ ਨਾਲੋਂ ਜ਼ਿਆਦਾ ਭੁਗਤਾਨ ਮਿਲਦਾ ਹੈ!

CASCADE CARE